# ਭਗਤ ਰਵਿਦਾਸ - ਸਬਦ ੨੯

## ਜਿਹ ਕੁਲ ਸਾਧੁ ਬੈਸਨੌ ਹੋਇ ॥

### ਰਾਗੁ ਬਿਲਾਵਲੁ, ਭਗਤ ਰਵਿਦਾਸ, ਗੁਰੂ ਗ੍ਰੰਥ ਸਾਹਿਬ, ੮੫੮

ਜਿਹ ਕੁਲ ਸਾਧੁ ਬੈਸਨੌ ਹੋਇ ॥
ਬਰਨ ਅਬਰਨ ਰੰਕੁ ਨਹੀ ਈਸੁਰੁ ਬਿਮਲ ਬਾਸੁ ਜਾਨੀਐ ਜਗਿ ਸੋਇ ॥੧॥ ਰਹਾਉ ॥
ਬ੍ਰਹਮਨ ਬੈਸ ਸੂਦ ਅਰੁ ਖ੍ਯ੍ਤ੍ਰੀ ਡੋਮ ਚੰਡਾਰ ਮਲੇਛ ਮਨ ਸੋਇ ॥
ਹੋਇ ਪੁਨੀਤ ਭਗਵੰਤ ਭਜਨ ਤੇ ਆਪੁ ਤਾਰਿ ਤਾਰੇ ਕੁਲ ਦੋਇ ॥੧॥
ਧੰਨਿ ਸੁ ਗਾਉ ਧੰਨਿ ਸੋ ਠਾਉ ਧੰਨਿ ਪੁਨੀਤ ਕੁਟੰਬ ਸਭ ਲੋਇ ॥
ਜਿਨਿ ਪੀਆ ਸਾਰ ਰਸੁ ਤਜੇ ਆਨ ਰਸ ਹੋਇ ਰਸ ਮਗਨ ਡਾਰੇ ਬਿਖੁ ਖੋਇ ॥੨॥
ਪੰਡਿਤ ਸੂਰ ਛਤ੍ਰਪਤਿ ਰਾਜਾ ਭਗਤ ਬਰਾਬਰਿ ਅਉਰੁ ਨ ਕੋਇ ॥
ਜੈਸੇ ਪੁਰੈਨ ਪਾਤ ਰਹੈ ਜਲ ਸਮੀਪ ਭਨਿ ਰਵਿਦਾਸ ਜਨਮੇ ਜਗਿ ਓਇ ॥੩॥੨॥

ਸਾਰ: ਧੰਨਤਾ ਦਾ ਭਾਵ ਜਾਗ੍ਰਿਤ ਅੰਤਹਕਰਣ ਦੇ ਅੰਤਰੀਵੀ ਪ੍ਰਕਾਸ਼ ਤੋਂ ਹੈ। ਅਜਿਹੀ ਰੂਹ ਜਿੱਥੇ ਵੀ ਵਸਦੀ ਹੈ, ਸਦਭਾਵਨਾ ਅਤੇ ਏਕਤਾ ਦਾ ਪਸਾਰ ਕਰਦੀ ਹੈ। ਧੰਨ ਹੈ ਉਹ ਥਾਂ ਜਿੱਥੇ ਅਜਿਹਾ ਵਿਅਕਤੀ ਵਸਦਾ ਹੈ, ਕਿਉਂਕਿ ਉਨ੍ਹਾਂ ਦੀ ਹਾਜ਼ਰਤਾ ਚੌਗਿਰਦੇ ਨੂੰ ਸਦਭਾਵਨਾ ਭਰਪੂਰ ਕਰ ਦਿੰਦੀ ਹੈ। ਧੰਨ ਹੈ ਉਨ੍ਹਾਂ ਦਾ ਘਰ, ਕਿਉਂਕਿ ਅਜਿਹੇ ਨਿਵਾਸ ਵਿਚ ਡਰ ਅਤੇ ਦਵੈਤ ਸਤਾਹੀਨ ਹੋ ਜਾਂਦੇ ਹਨ। ਧੰਨ ਹੈ ਉਨ੍ਹਾਂ ਦੀ ਨਿਰਮਲਤਾ ਕਿਉਂਕਿ ਇਹ ਏਕਤਾ ਦੇ ਵਿਚਕਾਰ ਮੇਰ-ਤੇਰ ਦਾ ਵਿਗਾੜ ਨਹੀਂ ਪਾਉਂਦੀ । ਉਹ ਸਮੁਚੇ ਸੰਸਾਰ ਨੂੰ ਪਰਿਵਾਰ ਦੇ ਰੂਪ ਵਜੋਂ ਦੇਖਦੇ ਹਨ, ਏਕਤਾ ਵਿਚ ਉਨ੍ਹਾਂ ਦਾ ਵਾਸਾ ਹੁੰਦਾ ਹੈ। ਉਨ੍ਹਾਂ ਦੇ ਮਨ ਵਿਚ ਕਿਸੇ ਪ੍ਰਤੀ ਨਿਰਣਾਮਈ ਟਿੱਪਣੀ ਕਰਨ ਦੀ ਘਾਟ ਹੁੰਦੀ ਹੈ। ਇਸ ਲਈ ਉਨ੍ਹਾਂ ਦੀ ਬੋਲਾਂ ਵਿਚ ਨੁਕਸਾਨ ਪਹੁੰਚਾਉਣ ਦੀ ਵੀ ਘਾਟ ਹੁੰਦੀ ਹੈ। ਅਜਿਹਾ ਅੰਤਰੀਵੀ ਜਾਗਰਣ ਦੂਜਿਆਂ ਲਈ ਪਨਾਹ ਬਣ ਜਾਂਦਾ ਹੈ, ਇਹ ਬਿਨਾਂ ਸ਼ਰਤਾਂ ਦੇ ਮਾਣ-ਸਤਿਕਾਰ ਭੇਟ ਕਰਦਾ ਹੈ, ਕਿਉਂਕਿ ਉਨ੍ਹਾਂ ਲਈ ਏਕਤਾ ਇਕ ਵਿਚਾਰ ਦੀ ਬਜਾਏ ਉਨ੍ਹਾਂ ਦਾ ਮੂਲ ਸੁਭਾਅ ਬਣ ਜਾਂਦੀ ਹੈ।

ਜਿਹ ਕੁਲ ਸਾਧੁ ਬੈਸਨੌ ਹੋਇ ॥
ਕੋਈ ਵੀ ਪਰਿਵਾਰ ਜਿੱਥੇ ਇਕ ਸਮਰਪਿਤ ਸਾਧਕ ਦਾ ਉਦਭਵ ਹੁੰਦਾ ਹੈ, ਇਹ ਭਾਵ ਪਰਿਭਾਸ਼ਿਤ ਕਰਦਾ ਹੈ ਕਿ ਕੁਲ ਦੀ ਪਵਿੱਤਰਤਾ ਕਿਸੇ ਖਾਸ ਵਰਗ ਦੁਆਰਾ ਨਹੀਂ, ਸਗੋਂ ਗੁਣ ਦੁਆਰਾ ਦਰਸਾਈ ਜਾਂਦੀ ਹੈ।

ਬਰਨ ਅਬਰਨ ਰੰਕੁ ਨਹੀ ਈਸੁਰੁ ਬਿਮਲ ਬਾਸੁ ਜਾਨੀਐ ਜਗਿ ਸੋਇ ॥੧॥ ਰਹਾਉ ॥
ਭਾਵੇਂ ਕੋਈ ਉੱਚ ਵਰਗ ਦਾ ਹੋਵੇ ਜਾਂ ਨੀਵੀਂ ਜਾਤ ਦਾ, ਅਤੇ ਭਾਵੇਂ ਕੋਈ ਗਰੀਬ ਹੋਵੇ ਜਾਂ ਅਮੀਰ, ਸਿਰਫ਼ ਉਹੀ ਜੋ ਇਨ੍ਹਾਂ ਭੇਦਾਂ ਤੋਂ ਪਾਰ ਹੁੰਦੇ ਹਨ, ਦੁਨੀਆਂ ਵਿਚ ਸ਼ੁੱਧ ਮਹਿਕ ਬਿਖੇਰਦੇ ਹਨ। ਇਹ ਨਿਰਮਲਤਾ ਸਪਸ਼ਟਤਾ ਨੂੰ ਦਰਸਾਉਂਦੀ ਹੈ, ਜਿੱਥੇ ਅੰਤਰ ਘੱਟ ਜਾਂਦੇ ਹਨ, ਅਤੇ ਬਿਬੇਕ ਪ੍ਰਬਲ ਹੋ ਜਾਂਦਾ ਹੈ। (੧)(ਠਹਿਰਾਉ)

ਬ੍ਰਹਮਨ ਬੈਸ ਸੂਦ ਅਰੁ ਖ੍ਯ੍ਤ੍ਰੀ ਡੋਮ ਚੰਡਾਰ ਮਲੇਛ ਮਨ ਸੋਇ ॥
ਭਾਵੇਂ ਕੋਈ ਪੁਜਾਰੀ, ਵਪਾਰੀ, ਮਜ਼ਦੂਰ ਜਾਂ ਸਭ ਤੋਂ ਨੀਵੀਂ ਜਾਤੀ ਵਿਚੋਂ ਹੋਵੇ, ਉਸ ਨੂੰ ਉਸ ਦੀ ਮਨੋਬਿਰਤੀ ਦੇ ਅਧਾਰ 'ਤੇ ਹੀ ਮਾੜਾ ਮੰਨਿਆ ਜਾ ਸਕਦਾ ਹੈ। ਇਹ ਦੋਸ਼ਪੂਰਨ ਜਾਤੀ ਪ੍ਰਣਾਲੀ ਦੀ ਵਿਵਸਥਾ ਸਾਨੂੰ ਯਾਦ ਦਿਵਾਉਂਦੀ ਹੈ ਕਿ ਸਾਡੇ ਇਰਾਦੇ ਸਾਡੇ ਉਪਰ ਲੱਗੇ ਮਾਰਕਿਆਂ ਨਾਲੋਂ ਵਧੇਰੇ ਮਾਇਨਾ ਰੱਖਦੇ ਹਨ।

ਹੋਇ ਪੁਨੀਤ ਭਗਵੰਤ ਭਜਨ ਤੇ ਆਪੁ ਤਾਰਿ ਤਾਰੇ ਕੁਲ ਦੋਇ ॥੧॥
ਕੋਈ ਵੀ ਵਿਸ਼ਵਵਿਆਪੀ ਚੇਤਨਾ ਪ੍ਰਤੀ ਸ਼ਰਧਾ ਰੂਪੀ ਚਿੰਤਨ ਰਾਹੀਂ ਨਿਰਮਲ ਬਣ ਸਕਦਾ ਹੈ; ਉਹ ਆਪਣੇ ਆਪ ਨੂੰ ਆਜ਼ਾਦ ਕਰਦੇ ਹਨ ਅਤੇ ਆਪਣੇ ਪੂਰੇ ਕੁਲ ਨੂੰ ਵੀ ਉੱਚਾ ਚੁੱਕਦੇ ਹਨ। ਇਹ ਭਾਵ ਦਰਸਾਉਂਦਾ ਹੈ ਕਿ ਨਿੱਜੀ ਰੁਪਾਂਤ੍ਰਣ ਦਾ ਪ੍ਰਭਾਵ ਇਕ ਲਹਿਰ ਵਾਂਗ ਹੁੰਦਾ ਹੈ ਜੋ ਸਾਡੇ ਆਲੇ ਦੁਆਲੇ ਵਸਣਿਆਂ ਵਾਲਿਆਂ ਨੂੰ ਵੀ ਪ੍ਰਭਾਵਿਤ ਕਰਦਾ ਹੈ। (੧)

ਧੰਨਿ ਸੁ ਗਾਉ ਧੰਨਿ ਸੋ ਠਾਉ ਧੰਨਿ ਪੁਨੀਤ ਕੁਟੰਬ ਸਭ ਲੋਇ ॥

ਧੰਨ ਹੈ ਉਨ੍ਹਾਂ ਦਾ ਪਿੰਡ, ਧੰਨ ਹੈ ਉਨ੍ਹਾਂ ਦਾ ਨਿਵਾਸ, ਅਤੇ ਧੰਨ ਹੈ ਉਨ੍ਹਾਂ ਦੀ ਪਵਿੱਤਰਤਾ ਜੋ ਸਾਰੀ ਦੁਨੀਆਂ ਨੂੰ ਆਪਣੇ ਪਰਿਵਾਰ ਵਜੋਂ ਦੇਖਦੀ ਹੈ। ਇਹ ਭਾਵ ਦਰਸਾਉਂਦਾ ਹੈ ਕਿ ਇਕ ਜਾਗਦਾ ਅੰਤਹਕਰਣ ਜੋ ਏਕਤਾ ਨੂੰ ਉਤਸ਼ਾਹਿਤ ਕਰਦਾ ਹੈ, ਸੱਚਮੁੱਚ ਧੰਨ ਹੈ।

ਜਿਨਿ ਪੀਆ ਸਾਰ ਰਸੁ ਤਜੇ ਆਨ ਰਸ ਹੋਇ ਰਸ ਮਗਨ ਡਾਰੇ ਬਿਖੁ ਖੋਇ ॥੨॥

ਜਿਨ੍ਹਾਂ ਨੇ ਬਿਬੇਕ ਦੇ ਤੱਤਸਾਰ ਨੂੰ ਚੱਖ ਲਿਆ ਹੈ, ਉਹ ਹੋਰ ਇੰਦ੍ਰਿਆਵੀ ਸੁੱਖਾਂ ਨੂੰ ਤਿਆਗ ਦਿੰਦੇ ਹਨ; ਅੰਤਰਦ੍ਰਿਸ਼ਟੀ ਦੇ ਇਸ ਤੱਤਸਾਰ ਵਿਚ ਲੀਨ ਹੋ ਕੇ, ਉਹ ਵਿਕਾਰਾਂ ਨੂੰ ਤਿਆਗ ਉਨ੍ਹਾਂ 'ਤੇ ਕਾਬੂ ਪਾਉਂਦੇ ਹਨ। ਇਹ ਭਾਵ ਦਰਸਾਉਂਦਾ ਹੈ ਕਿ ਕਿਵੇਂ ਰੂਹਾਨੀ ਪੂਰਤੀ ਲਾਲਸਾਵਾਂ ਨੂੰ ਦੂਰ ਕਰਦੀ ਹੈ, ਜਿਸ ਨਾਲ ਅਰਥ ਭਰਪੂਰ ਹੋਂਦ ਪ੍ਰਾਪਤ ਹੁੰਦੀ ਹੈ। (੨)

ਪੰਡਿਤ ਸੂਰ ਛਤ੍ਰਪਤਿ ਰਾਜਾ ਭਗਤ ਬਰਾਬਰਿ ਅਉਰੁ ਨ ਕੋਇ ॥

ਵਿਦਵਾਨ, ਯੋਧਾ, ਅਤੇ ਬਾਦਸ਼ਾਹ ਅਤੇ ਰਾਜੇ, ਕੋਈ ਵੀ ਸਮਰਪਿਤ, ਜਾਗਰੂਕ ਸਾਧਕ ਦੇ ਬਰਾਬਰ ਨਹੀਂ ਹੈ। ਇਹ ਉਸ ਪ੍ਰਭੁਸੱਤਾ ਦੀ ਸਥਾਪਨਾ ਹੈ ਜਿਸ ਵਿਚ ਰੂਹਾਨੀ ਏਕੀਕਰਨ ਨੂੰ ਬੌਧਿਕ ਅਧਿਕਾਰ, ਭੌਤਿਕ ਸ਼ਕਤੀ, ਜਾਂ ਸਮਾਜਿਕ ਜਾਂ ਧਾਰਮਿਕ ਸਰਵਉੱਚਤਾ ਤੋਂ ਉੱਪਰ ਰੱਖਿਆ ਜਾਂਦਾ ਹੈ।

ਜੈਸੇ ਪੁਰੈਨ ਪਾਤ ਰਹੈ ਜਲ ਸਮੀਪ ਭਨਿ ਰਵਿਦਾਸ ਜਨਮੇ ਜਗਿ ਓਇ ॥੩॥੨॥

ਜਿਵੇਂ ਕਮਲ ਦਾ ਪੱਤਾ ਅਭਿੱਜ ਹੋਏ ਬਿਨਾਂ ਪਾਣੀ 'ਤੇ ਤੈਰਦਾ ਹੈ, ਰਵਿਦਾਸ ਕਹਿੰਦੇ ਹਨ ਕਿ ਜੋ ਇਸ ਤਰ੍ਹਾਂ ਜੀਉਂਦੇ ਹਨ ਉਹ ਇਸ ਸੰਸਾਰ ਵਿਚ ਰਹਿਣ ਲਈ ਪੈਦਾ ਹੋਏ ਹਨ। ਇਹ ਭਾਵ ਜੀਵਨ ਨੂੰ ਬਿਨ੍ਹਾਂ ਪ੍ਰਭਾਵਿਤ ਕੀਤੇ ਇਸ ਦੀ ਨਿਸ਼ਾਨਦੇਹੀ ਕਰਨ ਦੀ ਯੋਗਤਾ ਦਾ ਪ੍ਰਤੀਕ ਹੈ; ਇਹੀ ਜੀਵਨ ਜਿਉਣ ਦੇ ਯੋਗ ਹੈ। (੩)(੨)

ਤੱਤ: ਭਗਤ ਰਵਿਦਾਸ ਰੂਹਾਨੀ ਯੋਗਤਾ ਦੀ ਪੁਰਜ਼ੋਰ ਤਾਕੀਦ ਕਰਦੇ, ਜਾਤੀ ਵਿਵਸਥਾ ਨੂੰ ਚੁਣੌਤੀ ਦਿੰਦੇ ਹਨ। ਉਹ ਦਲੀਲ ਦਿੰਦੇ ਹਨ ਕਿ ਸਮਾਜਿਕ ਅਤੇ ਧਾਰਮਿਕ ਅਵਸਥਾ ਨਾਲ ਜੁੜੀਆਂ ਧਾਰਨਾਵਾਂ ਇਕ ਜਾਗਰੂਕ ਮਨ ਦੀ ਪ੍ਰਤਿਭਾ ਦੇ ਮੁਕਾਬਲੇ ਕੋਈ ਮਹੱਤਵ ਨਹੀਂ ਰੱਖਦੀਆਂ। ਜਿਸ ਤਰ੍ਹਾਂ ਇਕ ਰਾਜਾ ਆਪਣੇ ਰਾਜ 'ਤੇ ਸ਼ਾਸਨ ਕਰਦਾ ਹੈ, ਉਸੇ ਤਰ੍ਹਾਂ ਇਕ ਸੱਚਾ ਸਾਧਕ ਆਪਣੇ ਆਪ 'ਤੇ ਸ਼ਾਸਨ ਕਰਦਾ ਹੈ, ਜੋ ਉਹਨਾਂ

ਨੂੰ ਉੱਤਮ ਬਣਾਉਂਦਾ ਹੈ। ਇਹ ਅਹਿਸਾਸ ਪ੍ਰਤੀਕਾਤਮਕ ਤੌਰ 'ਤੇ ਸੁਝਾਅ ਦਿੰਦਾ ਹੈ ਕਿ ਅਸਲ ਜਨਮ ਜੈਵਿਕ ਨਹੀਂ ਸਗੋਂ ਰੂਹਾਨੀ ਹੁੰਦਾ ਹੈ, ਜੋ ਸੰਸਾਰ ਵਿਚ ਤਾਂ ਹਾਜ਼ਰ ਹੈ ਪਰ ਇਸਦੀਆਂ ਭਟਕਣਾਂ ਤੋਂ ਅਛੂਤ ਰਹਿੰਦਾ ਹੈ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**
ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**